## 9

# ਖ਼ੁਦਾ ਦੀ ਹੈਕਲ

*''ਕੀ ਤੁਸੀਂ ਇਹ ਨਹੀਂ ਜਾਣਦੇ ਜੋ ਤੁਸੀਂ ਪਰਮੇਸ਼ੁਰ ਦੀ ਹੈਕਲ ਹੋ ਅਤੇ ਪਰਮੇਸ਼ੁਰ ਦਾ ਆਤਮਾ ਤੁਹਾਡੇ ਵਿਚ ਵੱਸਦਾ ਹੈ?'' (1 ਕੁਰਿੰਥੀਆਂ 3:16)।*

ਖ਼ੁਦਾ ਦੇ ਬਗ਼ੈਰ ਮਨੁੱਖ ਦੇ ਖ਼ਾਲੀਪਨ ਨੂੰ ਵੇਖਦਿਆਂ ਅਗਸਟਿਨ ਨੇ ਲਿਖਿਆ ਸੀ, ''ਹੇ ਖ਼ੁਦਾ ਸਾਡੇ ਮਨ ਕਿੰਨੇ ਬੇਚੈਨ ਹਨ, ਜਦ ਤਕ ਅਸੀਂ ਤੇਰੇ ਵਿਚ ਚੈਨ ਨਹੀਂ ਪਾ ਲੈਂਦੇ।'' ਇਹ ਮੰਨਣਾ ਤਰਕਸੰਗਤ ਹੈ ਕਿ ਖ਼ੁਦਾ ਮਨੁੱਖ ਦੀ ਸੰਗਤ ਦੇ ਲਈ ਵੱਡੀ ਇੱਛਾ ਨਾਲ ਵੇਖਦੇ ਹੋਏ ਆਖਦਾ ਹੈ, ''ਹੇ ਮਨੁੱਖ ਮੇਰਾ ਮਨ ਤੇਰੇ ਲਈ ਤੜਫ਼ਦਾ ਹੈ, ਜਦ ਤਕ ਤੂੰ ਮੇਰੇ ਵਿਚ ਚੈਨ ਨਾ ਪਾਏ, ਮੈਂ ਤੈਨੂੰ ਪਿਆਰ ਕਰਦਾ ਹਾਂ, ਅਤੇ ਤੇਰੇ ਛੁਟਕਾਰੇ ਤੇ ਤੇਰੀ ਸੰਗਤ ਨਾਲ ਖ਼ੁਸ਼ ਹੁੰਦਾ ਹਾਂ।''

ਅਸਲ ਵਿਚ ਭਲਾ ਅਸੀਂ ਮੰਨ ਸਕਦੇ ਹਾਂ ਕਿ ਸਰਬਸ਼ਕਤੀਮਾਨ ਖ਼ੁਦਾ ਮਨੁੱਖ ਨਾਲ ਸੰਗਤ ਰੱਖਣਾ ਚਾਹੁੰਦੇ ਹਨ। ਯਹੋਵਾਹ ਖ਼ੁਦਾ ਦੇ ਮਨ ਵਿਚ ਜੇ ਇਹ ਇੱਛਾ ਨਾ ਹੁੰਦੀ ਤਾਂ ਉਹ ਇਸ ਸਰਿਸ਼ਟ, ਅਕਾਸ਼, ਧਰਤੀ ਤੇ ਮਨੁੱਖ ਦੀ ਰਚਨਾ ਹੀ ਕਿਉਂ ਕਰਦਾ? ਕੌਣ ਮੰਨ ਸਕਦਾ ਹੈ ਕਿ ਸਭ ਕੁਝ ਜਾਣਨ ਵਾਲਾ ਤੇ ਸਭ ਤੋਂ ਬੁੱਧਵਾਨ ਖ਼ੁਦਾ, ਜਿਸਨੇ ਸਭ ਕੁਝ ਬਣਾਇਆ ਮਨੁੱਖ ਨੂੰ ਇਕ ਖਿਡੌਣਾ ਯਾਨੀ ਆਪਣੇ ਮਨ ਪਰਚਾਵੇ ਲਈ ਇਕ ਚੀਜ਼ ਬਣਾਉਂਦਾ, ਜਿਵੇਂ ਕਿ ਹਾਸੋਹੀਣ ਬੱਚਿਆਂ ਦੀਆਂ ਪਰੀ ਕਹਾਣੀਆਂ ਤੇ ਯਕੀਨ ਕੀਤਾ ਜਾਂਦਾ ਸੀ। ਸੰਸਾਰ ਦੀ ਬਣਾਉਣ ਅਤੇ ਮਨੁੱਖ ਦੀ ਆਤਮਿਕ ਸ਼ਕਤੀ ਮਿਲਕੇ ਬਹਿਸ ਕਰਦੇ ਹਨ ਕਿ ਅਕਾਸ਼ ਅਤੇ ਧਰਤੀ ਦਾ ਖ਼ੁਦਾ ਸਾਡੀ ਸੰਗਤ ਚਾਹੁੰਦਾ ਅਤੇ ਉਸ ਨਾਲ ਖ਼ੁਸ਼ ਹੁੰਦਾ ਹੈ।

ਤਰਕ ਨਾਲ ਸਾਡਾ ਨਿਚੋੜ ਪਵਿੱਤਰ ਲਿਖਤ ਦੀ ਹੀ ਪੁਸ਼ਟੀ ਕਰਦਾ ਹੈ। ਖ਼ੁਦਾ ਨੇ ਆਪਣੇਲੋਕਾਂ ਨੂੰ ਆਖਿਆ ਹੈ, ''ਅਸੀਂ ਤਾਂ ਜੀਉਂਦੇ ਪਰਮੇਸ਼ੁਰ ਦੀ ਹੈਕਲ ਹਾਂ ਜਿਵੇਂ ਪਰਮੇਸ਼ੁਰ ਦੇ ਵਚਨ ਕੀਤਾ- ਮੈਂ ਉਨ੍ਹਾਂ ਵਿਚ ਵਾਸ ਕਰਾਂਗਾ ਅਤੇ ਚੱਲਿਆ-ਫਿਰਿਆ ਕਰਾਂਗਾ, ਮੈਂ ਉਨ੍ਹਾਂ ਦਾ ਪਰਮੇਸ਼ੁਰ ਹੋਵਾਂਗਾ, ਅਤੇ ਓਹ ਮੇਰੀ ਪਰਜਾ ਹੋਣਗੇ'' (2 ਕੁਰਿੰਥੀਆਂ 6:16)। ਜਿਸਨੇ ਉਸਨੂੰ ਛੁਡਾਉਣਾ ਤੇ ਆਪਣੀ ਸੰਗਤ ਵਿਚ ਲਿਆਉਣਾ ਸੀ ਉਨ੍ਹਾਂ ਦੇ ਲਈ ਉਸਨੇ ਆਖਿਆ ਸੀ, ''ਅਰ ਤੁਹਾਡਾ ਪਿਤਾ ਹੋਵਾਂਗਾ ਅਤੇ ਤੁਸੀਂ ਮੇਰੇ ਪੁੱਤਰ ਧੀਆਂ ਹੋਵੋਗੇ। ਇਹ ਵਚਨ ਸਰਬ ਸ਼ਕਤੀਮਾਨ ਪ੍ਰਭੂ ਦਾ ਹੈ'' (2 ਕੁਰਿੰਥੀਆਂ 6:18)।

ਆਪਣੇ ਲੋਕਾਂ ਵਿਚ ਖ਼ੁਦਾ ਦੇ ਰਹਿਣ ਦੀ ਇਸ ਸਚਿਆਈ ਨੂੰ ਕਲੀਸੀਆ ਵਿਚ ਮੇਲ ਦੇ ਰੂਪ ਵਿਚ ਵੇਖਿਆ ਜਾਣਾ ਚਾਹੀਦਾ ਹੈ। ਨਵੀਂ ਵਾਚਾ ਦੇ ਅਧੀਨ ਕਲੀਸੀਆ ਖ਼ੁਦਾ ਦੀ ਹੈਕਲ ਅਰਥਾਤ ਆਤਮਿਕ ਘਰ ਹੈ ਜਿਸ ਵਿਚ ਹਰ ਮਸੀਹੀ ਉਸ ਘਰ ਦਾ ਇਕ ਜੀਉਂਦਾ ਪੱਥਰ ਹੈ (1 ਪਤਰਸ 2:5), ਅਤੇ ਪੂਰੀ ਇਮਾਰਤ ਮਿਲ ਕੇ ਆਤਮਾ ਵਿਚ ਖ਼ੁਦਾ ਦੇ ਰਹਿਣ ਦਾ ਥਾਂ ਬਣ ਜਾਂਦੀ ਹੈ (ਅਫ਼ਸੀਆਂ 2:21, 22)। ਕਲੀਸੀਆ ਨੂੰ ਖ਼ੁਦਾ ਦੀ ਹੈਕਲ ਦੇ ਰੂਪ ਵਿਚ ਪਛਾਣ ਨਾਲ ਕਲੀਸੀਆ ਦੇ ਸੁਭਾਉ ਦਾ ਇਕ ਹੋਰ ਪਹਿਲੂ ਸਾਹਮਣੇ ਆਉਂਦਾ ਹੈ। ''ਹੈਕਲ'' ਸ਼ਬਦ ਜਿਸਦੀ ਪੁਰਾਣੇ ਨੇਮ ਵਿਚ ਖ਼ਾਸ ਅਹਿਮੀਅਤ ਹੈ ਸਾਨੂੰ ਖ਼ੁਦਾ ਦੇ ਨਾਲ ਕਲੀਸੀਆ ਦੇ ਸਬੰਧ ਅਤੇ ਖ਼ੁਦਾ ਦੇ ਨਾਲ ਇਸਦੇ ਚਲਣ ਦੀ ਵੱਲ ਡੂੰਘਿਆਈ ਤੋਂ ਸਮਝ ਆਉਂਦੀ ਹੈ।

ਇਸ ਲਈ ਮਸੀਹ ਦੀ ਕਲੀਸੀਆ ਨੂੰ ਹੋਰ ਚੰਗੀ ਤਰ੍ਹਾਂ ਨਾਲ ਸਮਝਣ ਦੇ ਲਈ ਆਓ ਅਸੀਂ ਪੁੱਛਦੇ ਹਾਂ ਕਿ ''ਕਲੀਸੀਆ ਖ਼ੁਦਾ ਦੀ ਹੈਕਲ ਕਿਵੇਂ ਹੈ?''

## ਮਿਲਣ ਦਾ ਥਾਂ

ਪਹਿਲੀ ਗੱਲ, ਕਲੀਸੀਆ ਖ਼ੁਦਾ ਦੀ ਹੈਕਲ ਇਸ ਅਰਥ ਵਿਚ ਹੈ ਕਿ ਇਹ ਖ਼ੁਦਾ ਅਤੇ ਲੋਕਾਂ ਦੇ ਮਿਲਣ ਦਾ ਥਾਂ ਹੈ। ਚਰਚ ਭਾਵ ਕਲੀਸੀਆ ਉਹ ਥਾਂ ਹੈ ਜਿੱਥੇ ਖ਼ੁਦਾ ਅਤੇ ਮਨੁੱਖ ਸੰਗਤ ਦੇ ਲਈ ਮਿਲਦੇ ਹਨ।

ਇਸਰਾਏਲੀਆਂ ਦੇ ਸੀਨੈ ਪਹਾੜ ਤੇ ਪਹੁੰਚਣ ਨਾਲ ਖ਼ੁਦਾ ਨੇ ਉਨ੍ਹਾਂ ਨੂੰ ਮੂਸਾ ਰਾਹੀਂ ਆਪਣੀ ਸ਼ਰ੍ਹਾ ਤੇ ਬੰਦਗੀ ਕਰਨ ਦਾ ਥਾਂ ਦਿੱਤਾ ਸੀ। ਬੰਦਗੀ ਦੇ ਥਾਂ ਨੂੰ ''ਮਿਲਾਪ ਦਾ ਤੰਬੂ'' ਆਖਿਆ ਜਾਂਦਾ ਸੀ, ਕਿਉਂਕਿ ਐਥੇ ਹੀ ਖ਼ੁਦਾ ਮੂਸਾ, ਆਪਣੇ ਜਾਜਕਾਂ ਤੇ ਆਪਣੇ ਲੋਕਾਂ ਨਾਲ ਮਿਲਦਾ ਸੀ (ਕੂਚ 29:42)। ਵੇਦੀ ਦਾ ਦਰਵਾਜ਼ੇ ਤੇ ਨਿੱਤ ਹੋਮ ਬਲੀ ਹੋਇਆ ਕਰਦੀ ਸੀ ਕਿਉਂਕਿ ਖ਼ੁਦਾ ਨੇ ਆਖਿਆ ਸੀ, ''... ਮੈਂ ਤੇਰੇ ਨਾਲ ਗੱਲ ਕਰਨ ਲਈ ਮਿਲਾਂਗਾ ਅਤੇ ਉੱਥੇ ਮੈਂ ਇਸਰਾਏਲੀਆਂ ਨਾਲ ਮਿਲਾਂਗਾ ਅਤੇ ਉਹ ਤੰਬੂ ਮੇਰੇ ਪਰਤਾਪ ਨਾਲ ਪਵਿੱਤਰ ਕੀਤਾ ਜਾਵੇਗਾ'' (ਕੂਚ 29:42, 43)। ਖ਼ੁਦਾ ਨੇ ਉਸ ਥਾਂ ਦੀ ਰੂਪ ਰੇਖਾ ਬਣਾਈ ਜਿੱਥੇ ਉਹ ਅਤੇ ਉਹਦੇ ਲੋਕ ਇਕੱਠੇ ਹੋ ਕੇ ਮਿਲ ਸਕਣ।

ਹੁਣ ਆਖ਼ਰੀ ਵਸੀਅਤ ਤੇ ਮਸੀਹ ਦੇ ਨੇਮ ਭਾਵ ਨਵੇਂ ਨੇਮ ਦੇ ਅਧੀਨ ਖ਼ੁਦਾ ਨੇ ਆਪਣੇ ਲੋਕਾਂ ਨੂੰ ਮਿਲਣ ਦੇ ਰੂਪ ਵਿਚ ਕਲੀਸੀਆ ਨੂੰ ਚੁਣਿਆ ਹੈ। ਜਦ ਅਸੀਂ ਮਸੀਹ ਦੀ ਖ਼ੁਸ਼ਖ਼ਬਰੀ ਨੂੰ ਮੰਨਦੇ ਹਾਂ, ਤਾਂ ਯਿਸੂ ਦੇ ਲਹੂ ਵਿਚ ਸਾਡੇ ਪਾਪ ਧੋ ਦਿੱਤੇ ਜਾਂਦੇ ਹਨ ਅਤੇ ਸਾਨੂੰ ਖ਼ੁਦਾ ਦੇ ਪਰਿਵਾਰ ਵਿਚ ਗੋਦ ਲੈ ਲਿਆ ਜਾਂਦਾ ਹੈ (ਅਫ਼ਸੀਆਂ 1:5; ਗਲਾਤੀਆਂ 4:6)। ਮਸੀਹ ਵਿਚ ਆ ਕੇ ਚੁਣੇ ਹੋਏ ਲੋਕ ਨਾ ਸਿਰਫ਼ ਖ਼ੁਦਾ ਨੂੰ ਮੀਰਾਸ ਪਾਉਣ ਆਏ ਹਨ (ਅਫ਼ਸੀਆਂ 1:14; ਗਲਾਤੀਆਂ 4:9), ਅਸੀਂ ਖ਼ੁਦਾ ਦੇ ਪੁੱਤਰ ਹਾਂ ਅਤੇ ਪੁੱਤਰ ਹੋਣ ਕਰਕੇ ਅਸੀਂ ਮਸੀਹ ਦੇ ਰਾਹੀਂ ਹਮੇਸ਼ਾ ਦੀ ਜ਼ਿੰਦਗੀ ਦੇ ਵਾਰਿਸ ਬਣ ਗਏ ਹਾਂ (ਰੋਮੀਆਂ 8:17; ਗਲਾਤੀਆਂ 4:7)। ਅਸੀਂ ਕਲੀਸੀਆ ਭਾਵ ਖ਼ੁਦਾ ਦੇ ਪਰਿਵਾਰ ਵਿਚ ਆ ਕੇ ਦੋਸਤਾਂ ਵਾਂਗ ਖ਼ੁਦਾ ਦੇ ਨਾਲ ਅਤੇ ਉਹਦੀ ਸੰਗਤੀ ਵਿਚ ਚੱਲ ਸਕਦੇ ਹਾਂ।

ਕਈ ਸਾਲ ਪਹਿਲਾਂ ਕਲੀਸੀਆ ਨੂੰ ਮਾਰਸ਼ਲ ਕੀਬਲ ਦੇ ਪ੍ਰਚਾਰ ਨਾਲ ਅਸੀਸ ਮਿਲੀ ਸੀ। ਰੂਹਾਨੀ ਸਚਿਆਈਆਂ ਦੀ ਵਿਆਖਿਆ ਕਰਨ ਦਾ ਉਨ੍ਹਾਂ ਦਾ ਤਰੀਕਾ ਬੜਾ ਸਾਫ਼ ਸੀ, ਜਿਸ ਨਾਲ ਉਸਦੇ ਸੁਣਨ ਵਾਲਿਆਂ ਦਾ ਧਿਆਨ ਖਿੱਚਿਆ ਜਾਂਦਾ ਸੀ ਅਤੇ ਉਹ ਉਨ੍ਹਾਂ ਸਚਿਆਈਆਂ ਨੂੰ ਮੰਨ ਲੈਂਦੇ ਸਨ। ਇਕ ਰਾਤ ਬਪਤਿਸਮੇ ਬਾਰੇ ਦੱਸਦਿਆਂ ਉਨ੍ਹਾਂ ਨੇ 1 ਪਤਰਸ 3:21 ਦਾ ਹਵਾਲਾ ਦਿੱਤਾ, ''ਅਤੇ ਓਸ ਪਾਣੀ ਦਾ ਨਮੂਨਾ ਵੀ, ਭਾਵ ਬਪਤਿਸਮਾ ਯਿਸੂ ਮਸੀਹ ਦੇ ਜੀ ਉੱਠਣ ਦੇ ਰਾਹੀਂ, ਹੁਣ ਉਹ ਤੁਹਾਨੂੰ ਬਚਾਉਂਦਾ ਹੈ''; ''ਏਹ ਬਪਤਿਸਮੇ ਦਾ ਨਮੂਨਾ ਹੈ ਜੋ ਹੁਣ ਤੁਹਾਨੂੰ ਵੀ ਯਿਸੂ ਮਸੀਹ ਦੇ ਜੀ ਉੱਠਣ ਦੇ ਕਾਰਨ ਬਚਾਉਂਦਾ ਹੈ ਇਹ ਸਰੀਰ ਦੀ ਮੈਲ ਲਾਹੁਣ ਨਹੀਂ ਪਰ ਸ਼ੁੱਧ ਅੰਤਹਕਰਨ ਨਾਲ ਪਰਮੇਸ਼ੁਰ ਨੂੰ ਭਾਲਣਾ ਹੈ।'' ਫਿਰ ਭਾਈ ਕੀਬਲ ਨੇ ਕਿਹਾ, ''ਬਪਤਿਸਮੇ ਵੇਲੇ ਤਿੰਨ ਜਣੇ ਹੁੰਦੇ ਹਨ। ਪਹਿਲਾ ਬਪਤਿਸਮਾ ਲੈਣ ਵਾਲਾ ਹੁੰਦਾ ਹੈ। ਦੂਸਰਾ, ਪ੍ਰਚਾਰਕ ਬਪਤਿਸਮਾ ਦੇਣ ਲਈ, ਤੀਸਰਾ ਖ਼ੁਦਾ ਉੱਥੇ ਹੁੰਦਾ ਹੈ। ਪ੍ਰਚਾਰਕ ਦੇ ਪਾਪੀ ਨੂੰ ਬਪਤਿਸਮਾ ਦੇਣ ਵੇਲੇ ਖ਼ੁਦਾ ਅਤੇ ਪਾਪੀ ਦਾ ਪਾਣੀ ਵਿਚ ਮੇਲ ਹੁੰਦਾ ਹੈ।''

ਮਾਰਸ਼ਲ ਕੀਬਲ ਦੀ ਉਦਾਹਰਨ ਨਾਲ ਇਹ ਦੱਸਣ ਯੋਗ ਗੱਲ ਸਾਹਮਣੇ ਆਉਂਦੀ ਹੈ। ਖ਼ੁਦਾ ਨੇ ਛੁਟਕਾਰੇ ਲਈ, ਆਪਣੀ ਯੋਜਨਾ ਦੇ ਭਾਗ ਦੇ ਰੂਪ ਵਿਚ ਬਪਤਿਸਮੇ ਦਾ ਹੁਕਮ ਦਿੱਤਾ ਹੈ। ਮਸੀਹ ਵਿਚ ਸ਼ਾਮਿਲ ਹੋਣ ਦੇ ਲਈ ਅਸੀਂ ਇਸ ਆਖ਼ਰੀ ਹੁਕਮ ਨੂੰ ਮੰਨਦੇ ਹਾਂ। ਵਿਸ਼ਵਾਸ ਕਰਨ ਵਾਲੇ ਤੌਬਾ ਕਰਨ ਵਾਲੇ ਪਾਪੀਆਂ ਨੂੰ ਮਸੀਹ ਵਿਚ ਬਪਤਿਸਮਾ ਦੇਣ ਦੇ ਵੇਲੇ, ਖ਼ੁਦਾ ਅਤੇ ਮਸੀਹ ਦੇ ਨਾਲ ਇਕ ਕੀਤਾ

ਜਾਂਦਾ ਹੈ (ਰੋਮੀਆਂ 6:3; ਗਲਾਤੀਆਂ 4:6) ਜਿਸ ਨਾਲ ਉਹ ਪਾਣੀ ਵਿਚ ਆਪਣੇ ਬਚਾਉਣ ਵਾਲੇ ਸਬੰਧ ਲਈ ਇਕੱਠੇ ਹੁੰਦੇ ਹਨ।

ਇੰਜੀਲ ਦੀ ਸ਼ਾਨਦਾਰ ਖਬਰ ਇਹ ਹੈ ਕਿ ਖ਼ੁਦਾ ਨੇ ਥਾਂ ਮੁਹੱਈਆ ਕਰਵਾ ਦਿੱਤਾ ਹੈ ਜਿੱਥੇ ਉਹ ਮਨੁੱਖ ਦੇ ਨਾਲ ਪਵਿੱਤਰ ਸੰਗਤ ਵਿਚ ਮਿਲਦਾ ਹੈ ਅਤੇ ਉਹ ਥਾਂ ਕਲੀਸੀਆ ਹੈ। ਸੰਖੇਪ ਵਿਚ, ਇਸ ਮਸੀਹੀ ਯੁੱਗ ਵਿਚ ਖ਼ੁਦਾ ਨੇ ਆਪਣੇ ਵਚਨ ਵਿਚ ਮਨੁੱਖ ਨੂੰ ਆਖ ਦਿੱਤਾ ਹੈ, ''ਮੈਂ ਤੇਰੇ ਨਾਲ ਆਪਣੀ ਹੈਕਲ ਭਾਵ ਮਸੀਹ ਦੀ ਦੇਹ ਅਰਥਾਤ ਕਲੀਸੀਆ ਵਿਚ ਮਿਲਾਂਗਾ। ਮੈਂ ਤੇਰੀ ਮੁਕਤੀ ਦਾ ਰਾਹ ਦੱਸ ਦਿੱਤਾ ਹੈ, ਤਾਂ ਜੋ ਤੂੰ ਰੂਹਾਨੀ ਜ਼ਿੰਦਗੀ ਪਾਉਣ ਲਈ ਪਵਿੱਤਰ ਸੰਗਤੀ ਲਈ ਮੈਨੂੰ ਮਿਲ ਸਕੇਂ।''

## ਵਾਸ ਦੀ ਥਾਂ

ਦੂਸਰਾ, ਕਲੀਸੀਆ ਖ਼ੁਦਾ ਦੀ ਹੈਕਲ ਹੈ ਕਿਉਂਕਿ ਇਹ ਖ਼ੁਦਾ ਦੇ ਨਿਵਾਸ ਦੀ ਥਾਂ ਹੈ। ਖ਼ੁਦਾ ਸਾਡੇ ਨਾਲ ਵਾਸ ਕਰਦਾ ਵੀ ਹੈ। ਕਲੀਸੀਆ ਦੇ ਰਾਹੀਂ ਖ਼ੁਦਾ ਆਪਣੇ ਲੋਕਾਂ ਵਿਚ ਵਾਸ ਕਰਦਾ ਹੈ।

ਮੂਸਾ ਦੀ ਸ਼ਰ੍ਹਾ ਦੇ ਅਧੀਨ ਵੇਦੀ ਬਾਰੇ ਖ਼ੁਦਾ ਨੇ ਇਸਰਾਏਲੀਆਂ ਨੂੰ ਆਖਿਆ ਸੀ, ''ਅਤੇ ਮੈਂ ਇਸਰਾਏਲ ਦੇ ਵਿਚਕਾਰ ਵਸਾਂਗਾ ਅਤੇ ਉਨ੍ਹਾਂ ਦਾ ਪਰਮੇਸ਼ੁਰ ਹੋਵਾਂਗਾ ਤਾਂ ਉਹ ਜਾਣਨਗੇ ਕਿ ਮੈਂ ਯਹੋਵਾਹ ਉਨ੍ਹਾਂ ਦਾ ਪਰਮੇਸ਼ੁਰ ਹਾਂ ਜਿਸ ਉਨ੍ਹਾਂ ਨੂੰ ਮਿਸਰ ਦੇਸ ਤੋਂ ਕੱਢ ਲਿਆਂਦਾ ਤਾਂ ਜੋ ਮੈਂ ਉਨ੍ਹਾਂ ਦੇ ਵਿਚਕਾਰ ਵੱਸਾਂ। ਮੈਂ ਯਹੋਵਾਹ ਉਨ੍ਹਾਂ ਦਾ ਪਰਮੇਸ਼ੁਰ ਹਾਂ'' (ਕੂਚ 29:45, 46)। ਵੇਦੀ ਅਤੇ ਜੋ ਕੁਝ ਇਸ ਵਿਚ ਸੀ, ਉਹ ਸਭ ਇਸਰਾਏਲੀਆਂ ਨੂੰ ਉਨ੍ਹਾਂ ਦੇ ਖ਼ੁਦਾ ਦੀ ਹਜ਼ੂਰੀ ਦੀ ਯਾਦ ਕਰਾਉਂਦਾ ਸੀ। ਇਸਰਾਏਲੀਆਂ ਨਾਲ ਕੀਤੀ ਗਈ ਖ਼ੁਦਾ ਦੇ ਵਾਅਦੇ ਨੂੰ ਪੂਰਾ ਕਰਦਿਆਂ, ਉਸ ਨੇ ਵੇਦੀ ਨੂੰ ਆਪਣੇ ਜਲਾਲ ਨਾਲ ਭਰ ਦਿੱਤਾ ਸੀ (ਕੂਚ 40:34)। ਖ਼ੁਦਾ ਦੀ ਹਜ਼ੂਰੀ ਨੂੰ ਵਿਖਾਉਣ ਲਈ ਦਿਨ ਦੇ ਵੇਲੇ ਵੇਦੀ ਦੇ ਅੱਤ ਪਵਿੱਤਰ ਸਥਾਨ ਤੇ ਬੱਦਲ ਦਾ ਇਕ ਖੰਭਾ ਰਹਿੰਦਾ ਸੀ ਅਤੇ ਰਾਤ ਨੂੰ ਅੱਗ ਦਾ। ਦਿਨ ਵੇਲੇ ਜਦੋਂ ਇਸਰਾਏਲੀ ਅੱਗੇ ਵੱਧਦੇ ਸੀ ਤਾਂ ਇਹ ਖੰਭਾ ਖ਼ੁਦਾ ਵੱਲੋਂ ਉਨ੍ਹਾਂ ਦੀ ਅਗਵਾਈ ਨੂੰ ਵਿਖਾਉਣ ਲਈ ਉਨ੍ਹਾਂ ਦੇ ਅੱਗੇ ਚੱਲਦਾ ਸੀ, ਜਦਕਿ ਰਾਤ ਵੇਲੇ ਖ਼ੁਦਾ ਦੀ ਅਗਵਾਈ ਵਿਖਾਉਣ ਲਈ, ਅੱਗ ਦਾ ਖੰਭਾ ਚੱਲਦਾ ਸੀ (ਕੂਚ 40:36-38; ਗਿਣਤੀ 9:15-23)। ਸਾਖੀ ਦੇ ਤੰਬੂ ਰਾਹੀਂ, ਖ਼ੁਦਾ ਆਪਣੇ ਲੋਕਾਂ ਵਿਚ ਰਹਿਕੇ ਉਨ੍ਹਾਂ ਦੀ ਅਗਵਾਈ ਕਰਕੇ ਉਨ੍ਹਾਂ ਵਿਚ ਵਾਸ ਕਰਦਾ ਸੀ।

ਨਵੇਂ ਨੇਮ ਵਿਚ ਆਪਣੇ ਆਤਮਾ ਦੇ ਰਾਹੀਂ ਕਲੀਸੀਆ ਖ਼ੁਦਾ ਦਾ ਵਾਸ ਹੈ। ਪੌਲੁਸ ਨੇ ਕੁਰਿੰਥੁਸ ਦੀ ਕਲੀਸੀਆ ਦੇ ਨਾਂਅ ਪੱਤਰੀ ਵਿਚ ਲਿਖਿਆ ਸੀ, ''ਅਤੇ ਪਰਮੇਸ਼ੁਰ ਦੀ ਹੈਕਲ ਨੂੰ ਮੂਰਤੀਆਂ ਨਾਲ ਕੀ ਵਾਸਤਾ ਹੈ? ਅਸੀਂ ਤਾਂ ਜਿਉਂਦੇ ਪਰਮੇਸ਼ੁਰ ਦੀ ਹੈਕਲ ਹਾਂ ਜਿਵੇਂ ਪਰਮੇਸ਼ੁਰ ਨੇ ਬਚਨ ਕੀਤਾ, 'ਮੈਂ ਉਨ੍ਹਾਂ ਵਿਚ ਵਾਸ ਕਰਾਂਗਾ ਅਤੇ ਫਿਰਿਆ ਕਰਾਂਗਾ, ਮੈਂ ਉਨ੍ਹਾਂ ਦਾ ਪਰਮੇਸ਼ੁਰ ਹੋਵਾਂਗਾ, ਅਤੇ ਓਹ ਮੇਰੀ ਪਰਜਾ ਹੋਣਗੇ' '' (2 ਕੁਰਿੰਥੀਆਂ 6:16)। ਅਫ਼ਸੀਆਂ 2 ਵਿਚ ਪੌਲੁਸ ਨੇ ਗ਼ੈਰਕੌਮਾਂ ਤੋਂ ਮਸੀਹੀ ਬਣਨ ਵਾਲਿਆਂ ਨੂੰ ਕਿਹਾ ਸੀ,

> ਸੋ ਹੁਣ ਤੋਂ ਤੁਸੀਂ ਓਪਰੇ ਅਤੇ ਪਰਦੇਸੀ ਨਹੀਂ ਸਗੋਂ ਸੰਤਾਂ ਦੇ ਵਤਨੀ ਅਤੇ ਪਰਮੇਸ਼ੁਰ ਦੇ ਘਰਾਣੇ ਦੇ ਹੋ। ਅਤੇ ਰਸੂਲਾਂ ਅਤੇ ਨਬੀਆਂ ਦੀ ਨੀਂਹ ਉੱਤੇ ਬਣੇ ਹੋਏ ਹੋ ਜਿਹ ਦੇ ਖੂੰਜੇ ਦਾ ਪੱਥਰ ਆਪ ਮਸੀਹ ਯਿਸੂ ਹੈ। ਜਿਹ ਦੇ ਵਿਚ ਸਾਰੀ ਇਮਾਰਤ ਇਕ ਸੰਗ ਜੁੜ ਕੇ ਪ੍ਰਭੂ ਵਿਚ ਪਵਿੱਤਰ ਹੈਕਲ ਬਣਦੀ ਜਾਂਦੀ ਹੈ। ਜਿਸ ਵਿਚ ਤੁਸੀਂ ਵੀ ਆਤਮਾ ਵਿਚ ਪਰਮੇਸ਼ੁਰ ਦਾ ਭਵਨ ਹੋਣ ਲਈ ਇਕ ਸੰਗ ਬਣਾਏ ਜਾਂਦੇ ਹੋ (ਅਫ਼ਸੀਆਂ 2:19-22)।

ਖ਼ੁਦਾ ਮਸੀਹੀ ਲੋਕਾਂ ਵਿਚ ਦੋ ਤਰ੍ਹਾਂ ਨਾਲ ਰਹਿੰਦਾ ਹੈ। ਪਹਿਲਾਂ ਉਸਦਾ ਆਤਮਾ ਹਰ ਮਸੀਹੀ ਦੇ

ਮਨ ਨੂੰ ਹੈਕਲ ਦੇ ਰੂਪ ਵਿਚ ਵਰਤਦਿਆਂ ਉਸ ਵਿਚ ਵਾਸ ਕਰਦਾ ਹੈ। ਪੌਲੁਸ ਨੇ ਆਤਮਾ ਦੇ ਵਾਸ ਦੀ ਗੱਲ ਨੂੰ ਮਸੀਹੀ ਲੋਕਾਂ ਦੇ ਲਈ ਆਪਣੇ ਸਰੀਰਾਂ ਨੂੰ ਅਨੈਤਿਕਤਾ ਤੋਂ ਸਾਫ਼ ਰੱਖਣ ਦੇ ਰੂਪ ਵਿਚ ਵਰਤੋਂ ਕੀਤੀ: ''ਹਰਾਮਕਾਰੀ ਤੋਂ ਭੱਜੋ ... ਅਥਵਾ ਕੀ ਤੁਸੀਂ ਇਹ ਨਹੀਂ ਜਾਣਦੇ ਭਈ ਤੁਹਾਡੀ ਦੇਹੀ ਤੁਹਾਡੇ ਅੰਦਰ ਪਵਿੱਤਰ ਆਤਮਾ ਦੀ ਹੈਕਲ ਹੈ ਜਿਹੜੀ ਤੁਹਾਨੂੰ ਪਰਮੇਸ਼ੁਰ ਦੀ ਵੱਲੋਂ ਮਿਲੀ ਹੈ ਅਤੇ ਤੁਸੀਂ ਆਪਣੇ ਆਪ ਦੇ ਨਹੀਂ ਹੋ?'' (1 ਕੁਰਿੰਥੀਆਂ 6:18, 19)।

ਦੂਸਰਾ, ਖ਼ੁਦਾ ਦਾ ਆਤਮਾ ਮਸੀਹੀ ਲੋਕਾਂ ਦੀ ਸਾਂਝੀ ਦੇਹੀ ਭਾਵ ਕਲੀਸੀਆ ਵਿਚ ਰਹਿੰਦਾ ਹੈ। ਕੁਰਿੰਥੁਸ ਦੀ ਕਲੀਸੀਆ ਦੇ ਸਬੰਧ ਵਿਚ ਪੌਲੁਸ ਨੇ ਲਿਖਿਆ, ''ਪਰ ਜਾਂ ਕੋਈ ਪ੍ਰਭੂ ਦੀ ਵੱਲ ਫਿਰੇਗਾ ਤਾਂ ਉਹ ਪੜਦਾ ਚੁਫੇਰਿਓਂ ਚੁੱਕ ਲਿਆ ਜਾਵੇਗਾ'' (1 ਕੁਰਿੰਥੀਆਂ 3:16)। ਇਸ ਆਇਤ ਵਿਚ ''ਤੁਸੀਂ'' ਦੇ ਲਈ ਪੌਲੁਸ ਨੇ ਜਿਸ ਯੂਨਾਨੀ ਸ਼ਬਦ ਦੀ ਵਰਤੋਂ ਕੀਤੀ ਹੈ। ਉਹ ਬਹੁਵਚਨ ਹੈ, ਜ਼ਾਹਿਰ ਹੈ ਆਤਮਾ ਦੇ ਮਨ ਵਿਚ ਸਿਰਫ਼ ਇਕ ਮਸੀਹੀ ਨਹੀਂ ਬਲਕਿ ਵਿਸ਼ਵਾਸ਼ੀਆਂ ਦੀ ਮੰਡਲੀ ਯਾਨੀ ਕਲੀਸੀਆ ਸੀ।

ਅਸੀਂ ਸਾਰੇ ਸਵਾਲ ਕਰਦੇ ਹਾਂ ਕਿ ਖ਼ੁਦਾ ਆਪਣੇ ਲੋਕਾਂ ਵਿਚ ਕਿਵੇਂ ਰਹਿੰਦਾ ਹੈ? ਪਰ ਇਸ ਸਬੰਧ ਵਿਚ ਇਕ ਸਚਿਆਈ ਨਾਲ ਅਸੀਂ ਤਸੱਲੀ ਕਰ ਸਕਦੇ ਹਾਂ ਕਿ ਉਸਦਾ ਰਹਿਣਾ ਆਪਣੇ ਵਚਨ ਨੂੰ ਪੂਰਾ ਕਰਨ ਦੇ ਰਾਹੀਂ ਹੁੰਦਾ ਹੈ, ਕਿਉਂਕਿ ਖ਼ੁਦਾ ਆਪਣੇ ਵਚਨ ਰਾਹੀਂ ਕੰਮ ਕਰਦਾ ਹੈ (ਅਫ਼ਸੀਆਂ 6:17)। ਪੌਲੁਸ ਨੇ ਇਨ੍ਹਾਂ ਆਇਤਾਂ ਵਿਚ ਖ਼ੁਦਾ ਦੇ ਵਾਸ ਕਰਨ ਬਾਰੇ ਵਿਸਤਾਰ ਨਹੀਂ ਦੱਸਿਆ ਸਗੋਂ ਉਸਨੇ ਸਿਰਫ਼ ਇਸਦੀ ਤਸਦੀਕ ਕੀਤੀ ਹੈ। ਇਨ੍ਹਾਂ ਆਇਤਾਂ ਵਿੱਚ ਜੋ ਸਚਿਆਈ ਮਸੀਹੀ ਲੋਕਾਂ ਨੂੰ ਲੱਭਣੀ ਚਾਹੀਦੀ ਹੈ ਉਹ ਇਹ ਹੈ ਕਿ ਖ਼ੁਦਾ ਹਰ ਮਸੀਹੀ ਵਿਚ ਅਤੇ ਕਲੀਸੀਆ ਵਿਚ ਰਹਿੰਦਾ ਹੈ। ਉਹ ਸਾਡੇ ਦਰਮਿਆਨ ਯਾਨੀ ਸਾਡੇ ਵਿਚ ਰਹਿੰਦਾ ਹੈ।

ਅੱਸੀ ਸਾਲ ਦੀ ਉਮਰ ਵਿਚ, ਮੂਸਾ ਹੋਰੇਬ ਨਾਂਅ ਦੇ ਥਾਂ ਤੇ ਬਲਦੀ ਹੋਈ ਝਾੜੀ ਵਿਚ ਖ਼ੁਦਾ ਨੂੰ ਮਿਲਿਆ (ਕੂਚ 3:1)। ਖ਼ੁਦਾ ਨੇ ਉਸਨੂੰ ਆਖਿਆ ਕਿ, ''... ਮੈਂ ਤੈਨੂੰ ਫ਼ਿਰਾਊਨ ਕੋਲ਼ ਘੱਲਾਂਗਾ ਤਾਂ ਜੋ ਤੂੰ ਮੇਰੀ ਪਰਜਾ ਅਰਥਾਤ ਇਸਰਾਏਲੀਆਂ ਨੂੰ ਮਿਸਰ ਵਿੱਚੋਂ ਕੱਢ ਲਿਆਵੇਂ'' (ਕੂਚ 3:10)। ਮੂਸਾ ਨੂੰ ਯਕੀਨ ਨਹੀਂ ਹੋਇਆ ਕਿ ਖ਼ੁਦਾ ਦੇ ਲਈ ਮਿਸਰ ਵਿਚ ਓਹੀ ਜਾਏਗਾ, ਪਰ ਉਸਦੇ ਬਹਾਨਿਆਂ ਦਾ ਖ਼ੁਦਾ ਵੱਲੋਂ ਜਵਾਬ ਦੇਣ ਦੇ ਬਾਅਦ, ਮੂਸਾ ਦੱਬੇ ਹੋਏ ਇਸਰਾਏਲੀਆਂ ਨੂੰ ਛੁਡਾਉਣ ਦਾ ਹੁਕਮ ਲੈ ਕੇ ਬਲਦੀ ਝਾੜੀ ਨੂੰ ਛੱਡ ਕੇ ਮਿਸਰ ਵੱਲ ਚੱਲ ਪਿਆ। ਛੇਤੀ ਹੀ ਮੂਸਾ ਨੇ ਖ਼ੁਦਾ ਨੂੰ ਮਿਲਣ ਅਤੇ ਉਸ ਨਾਲ ਚੱਲਣ ਵਿਚ ਫ਼ਰਕ ਵੇਖਿਆ। ਹੋਰੇਬ ਤੇ ਉਹ ਖ਼ੁਦਾ *ਨੂੰ ਮਿਲਿਆ* ਸੀ ਅਤੇ ਉੱਥੇ ਉਸ ਨੂੰ ਹੁਕਮ ਹੋਇਆ ਸੀ। ਹੋਰੇਬ ਤੋਂ ਨਿਕਲ ਕੇ ਉਹ ਖ਼ੁਦਾ *ਦੇ ਨਾਲ ਚੱਲਿਆ* ਸੀ। ਪ੍ਰਭੂ ਨੇ ਮੂਸਾ ਨੂੰ ਆਖਿਆ, ''ਉਸ ਆਖਿਆ, ਮੈਂ ਤੇਰੇ ਨਾਲ ਹੋਵਾਂਗਾ ...'' (ਕੂਚ 3:12)। ਖ਼ੁਦਾ ਨੇ ਆਪਣਾ ਵਾਅਦਾ ਪੂਰਾ ਕੀਤਾ ਅਤੇ ਸਭ ਮਹਾਂਮਾਰੀਆਂ ਵਿਚ, ਲਾਲ ਸਮੁੰਦਰ 'ਚੋਂ ਲੰਘਣ ਵੇਲੇ ਅਤੇ ਸੀਨੈ ਪਹਾੜ ਤਕ ਇਸਰਾਏਲੀਆਂ ਦੀ ਰਹਿਨੁਮਾਈ ਕੀਤੀ।

ਕਲੀਸੀਆ ਵਿਚ ਅਸੀਂ ਖ਼ੁਦਾ ਦੀ ਹੈਕਲ ਦੇ ਰੂਪ ਵਿਚ ਨਾ ਸਿਰਫ਼ ਮਸੀਹ ਵਿਚ ਖ਼ੁਦਾ ਨੂੰ ਮਿਲੇ ਹਾਂ, ਸਗੋਂ ਖ਼ੁਦਾ ਹੀ ਸਾਡੇ ਵਿਚ ਵਾਸ ਕਰਦਾ ਹੈ ਠਤੇ ਲਗਾਤਾਰ ਸਾਡੇ ਨਾਲ ਚੱਲਦਾ ਹੈ। ਮਸੀਹੀ ਲੋਕਾਂ ਕਿੰਨਾ ਭਰੋਸੇ ਵਾਲਾ ਅਤੇ ਮਜ਼ਬੂਤ ਹੋਣਾ ਚਾਹੀਦਾ ਹੈ! ਵਿਸ਼ਵਾਸ ਨਾਲ ਮਸੀਹੀ ਜ਼ਿੰਦਗੀ ਕੱਟਦੇ ਹੋਏ ਅਸੀਂ ਹਰ ਰੋਜ਼ ਖ਼ੁਦਾ ਦੀ ਸੰਗਤ ਵਿਚ ਚਲਦੇ ਹਾਂ। ਕਿਸੇ ਵੀ ਅਜਮਾਇਸ ਦਾ ਮੁਕਾਬਲਾ ਕਰਦੇ ਵੇਲੇ ਉਸਦੀ ਸੰਗਤ ਤੇ ਸਮਰੱਥਾ ਸਾਡੇ ਨਾਲ ਹੁੰਦੀ ਹੈ।

ਯੂਹੰਨਾ ਨੇ ਲਿਖਿਆ ਹੈ, ''ਜੇ ਅਸੀਂ ਆਖੀਏ ਭਈ ਸਾਡੀ ਉਹ ਦੇ ਨਾਲ ਸੰਗਤ ਹੈ ਅਤੇ ਚੱਲੀਏ ਅਨ੍ਹੇਰੇ ਵਿਚ ਤਾਂ ਅਸੀਂ ਝੂਠ ਮਾਰਦੇ ਹਾਂ ਅਤੇ ਸਤ ਉੱਤੇ ਨਹੀਂ ਚੱਲਦੇ। ਪਰ ਜੇ ਅਸੀਂ ਚਾਨਣ ਵਿਚ

ਚੱਲੀਏ ਜਿਵੇਂ ਉਹ ਚਾਨਣ ਵਿਚ ਹੈ ਤਾਂ ਸਾਡੀ ਆਪੋ ਵਿਚ ਸੰਗਤ ਹੈ ਅਤੇ ਉਹ ਦੇ ਪੁੱਤਰ ਯਿਸੂ ਦਾ ਲਹੂ ਸਾਨੂੰ ਸਾਰੇ ਪਾਪਾਂ ਤੋਂ ਸ਼ੁੱਧ ਕਰਦਾ ਹੈ'' (1 ਯੂਹੰਨਾ 1:6, 7)।

## ਬੰਦਗੀ ਦੀ ਥਾਂ

ਤੀਸਰਾ, ਖ਼ੁਦਾ ਦੀ ਹੈਕਲ ਦੇ ਰੂਪ ਵਿਚ, ਕਲੀਸੀਆ ਬੰਦਗੀ ਦੀ ਥਾਂ ਹੈ। ਮਸੀਹੀ ਆਦਮੀ ਚੱਲਦਾ-ਫਿਰਦਾ ਕੈਥੀਡਰਲ ਹੈ।

ਪਤਰਸ ਆਖਦਾ ਹੈ, ''ਤੁਸੀਂ ਆਪ ਵੀ ਜੀਉਂਦੇ ਪੱਥਰਾਂ ਦੀ ਨਿਆਈਂ ਹੋ ਕੇ ਆਤਮਿਕ ਘਰ ਉੱਸਰਦੇ ਜਾਓ ਭਈ ਜਾਜਕਾਂ ਦੀ ਪਵਿੱਤਰ ਮੰਡਲੀ ਬਣੋ ਤਾਂ ਜੋ ਤੁਸੀਂ ਓਹ ਆਤਮਿਕ ਬਲੀਦਾਨ ਚੜ੍ਹਾਓ ਜਿਹੜੇ ਯਿਸੂ ਮਸੀਹ ਦੇ ਰਾਹੀਂ ਪਰਮੇਸ਼ੁਰ ਨੂੰ ਭਾਉਂਦੇ ਹਨ'' (1 ਪਤਰਸ 2:5)। ਉਹ ਇਹ ਵੀ ਆਖਦਾ ਹੈ, ''ਪਰ ਤੁਸੀਂ ਚੁਣਿਆ ਹੋਇਆ ਵੰਸ਼, ਯਾਜਕਾਂ ਦੀ ਸ਼ਾਹੀ ਮੰਡਲੀ, ਪਵਿੱਤਰ ਕੌਮ, ਪਰਮੇਸ਼ੁਰ ਦੀ ਖ਼ਾਸ ਪਰਜਾ ਹੋ ਭਈ ਤੁਸੀਂ ਉਹਦਿਆਂ ਗੁਣਾਂ ਦਾ ਪ੍ਰਚਾਰ ਕਰੋ ਜਿਹ ਨੇ ਤੁਹਾਨੂੰ ਅਨ੍ਹੇਰੇ ਤੋਂ ਆਪਣੇ ਅਚਰਜ ਚਾਨਣ ਵਿਚ ਸੱਦ ਲਿਆ'' (1 ਪਤਰਸ 2:9)। ਖ਼ੁਦਾ ਨੇ ਯਾਜਕਾਂ ਦੇ ਰੂਪ ਵਿਚ, ਅੱਜ ਮਸੀਹੀ ਲੋਕ ਕਿਸੇ ਵੀ ਸਮੇਂ ਤੇ ਕਿਸੇ ਵੀ ਥਾਂ ਤੇ ਯਿਸੂ ਦੇ ਰਾਹੀਂ ਖ਼ੁਦਾ ਦੀ ਉਸਤਤ ਕਰ ਸਕਦੇ ਹਨ। ਯਿਸੂ ਦੇ ਕਾਰਣ, ਇਬਰਾਨੀਆਂ ਦਾ ਲੇਖਕ ਦਲੇਰੀ ਨਾਲ ਪਹੁੰਚਣ ਦਾ ਸੱਦਾ ਦਿੰਦਾ ਹੈ: ''ਇਸ ਲਈ ਆਓ, ਅਸੀਂ ਕਿਰਪਾ ਦੇ ਸਿੰਘਾਸਣ ਦੇ ਅੱਗੇ ਦਿਲੇਰੀ ਨਾਲ ਚੱਲੀਏ ਭਈ ਅਸੀਂ ਦਯਾ ਪ੍ਰਾਪਤ ਕਰੀਏ ਅਤੇ ਉਹ ਕਿਰਪਾ ਪਾਈਏ ਜੋ ਵੇਲੇ ਸਿਰ ਸਾਡੀ ਸਹਾਇਤਾ ਕਰੇ'' (ਇਬਰਾਨੀਆਂ 4:16)।

ਯਾਕੂਬ ਦੇ ਖੂਹ ਤੇ ਸਾਮਰੀ ਔਰਤ ਨੂੰ ਯਿਸੂ ਨੇ ਦੱਸਿਆ ਸੀ ਕਿ ਬੰਦਗੀ ਹੁਣ ਕਿਸੇ ਖ਼ਾਸ ਥਾਂ, ਠਹਿਰਾਏ ਹੋਏ ਪਰਬਤ, ਜਾਂ ਭਵਨ ਵਿਚ ਨਹੀਂ ਹੋਵੇਗੀ। ਉਸ ਨੇ ਆਖਿਆ ਹੈ, ''ਹੇ ਬੀਬੀ, ਤੂੰ ਮੇਰੀ ਪਰਤੀਤ ਕਰ ਕਿ ਉਹ ਸਮਾਂ ਆਉਂਦਾ ਹੈ ਜਦ ਤੁਸੀਂ ਨਾ ਤਾਂ ਇਸ ਪਰਬਤ ਉੱਤੇ ਅਤੇ ਨਾ ਯਰੂਸ਼ਲਮ ਵਿਚ ਪਿਤਾ ਦੀ ਭਗਤੀ ਕਰੋਗੇ'' (ਯੂਹੰਨਾ 4:21)। ਉਹ ਦੱਸ ਰਿਹਾ ਸੀ ਕਿ ਭਵਿੱਖ ਵਿਚ, ਬੰਦਗੀ ਕਿਸੇ ਖ਼ਾਸ ਥਾਂ ਤੇ ਕਰਨ ਨਾਲ ਨਹੀਂ ਸਗੋਂ ਆਤਮਾ ਅਤੇ ਸਚਿਆਈ ਨਾਲ ਕਰਨ ਤੇ ਕਬੂਲ ਹੋਵੇਗੀ। ਉਸ ਨੇ ਸਾਮਰੀ ਔਰਤ ਨੂੰ ਇਹ ਵੀ ਦੱਸਿਆ ਕਿ ''ਉਹ ਸਮਾਂ ਆਉਂਦਾ ਹੈ ਸਗੋਂ ਹੁਣ ਹੈ ਜੋ ਸੱਚੇ ਭਗਤ ਆਤਮਾ ਅਰ ਸਚਿਆਈ ਨਾਲ ਪਿਤਾ ਦੀ ਬੰਦਗੀ ਕਰਨਗੇ ਕਿਉਂਕਿ ਪਿਤਾ ਇਹੋ ਜਿਹੇ ਭਗਤਾਂ ਨੂੰ ਚਾਹੁੰਦਾ ਹੈ'' (ਯੂਹੰਨਾ 4:23)। ਯਿਸੂ ਇੱਥੇ ਮਸੀਹੀ ਯੁੱਗ ਦੀ ਗੱਲ ਕਰ ਰਿਹਾ ਸੀ ਜਿਸ ਵਿਚ ਮਸੀਹੀ ਲੋਕਾਂ ਨੇ ਖ਼ੁਦਾ ਦੇ ਯਾਜਕਾਂ ਦੇ ਰੂਪ ਵਿਚ ਉਸਦੇ ਵੱਲੋਂ ਕਦੇ ਵੀ ਅਤੇ ਕਿਸੇ ਵੀ ਥਾਂ ਤੇ ਖ਼ੁਦਾ ਦੀ ਬੰਦਗੀ ਕਰਨੀ ਸੀ।

ਖ਼ੁਦਾ ਤਕ ਪੂਰੀ ਪਹੁੰਚ ਪਾ ਕੇ ਮਸੀਹੀ ਲੋਕਾਂ ਨੂੰ ਬੰਦਗੀ ਕਰਨ ਦੇ ਸੁਭਾਗ ਦੀ ਬਰਕਤ (ਯੂਹੰਨਾ 4:23), ਤੌਬਾ ਦਾ ਉਪਾਅ (1 ਯੂਹੰਨਾ 2:1), ਅਤੇ ਖ਼ੁਦਾ ਦੀ ਸਮਰੱਥਾ ਮਿਲਦੀ ਹੈ (ਅਫ਼ਸੀਆਂ 1:19)। ਇਸ ਲਈ ਖ਼ੁਦਾ ਦੇ ਯਾਜਕਾਂ ਦੇ ਰੂਪ ਵਿਚ ਜਿਨ੍ਹਾਂ ਨੂੰ ਭਰਪੂਰੀ ਵਿਚ ਪੂਰਾ ਕੀਤਾ ਗਿਆ ਹੈ, ''ਸੋ ਅਸੀਂ ਉਹ ਦੇ ਦੁਆਰਾ ਉਸਤਤ ਦਾ ਬਲੀਦਾਨ ਅਰਥਾਤ ਉਨ੍ਹਾਂ ਬੁੱਲ੍ਹਾਂ ਦਾ ਫ਼ਲ ਜਿਹੜੇ ਉਹ ਦੇ ਨਾਮ ਨੂੰ ਮੰਨ ਲੈਂਦੇ ਹਨ ਪਰਮੇਸ਼ੁਰ ਦੇ ਅੱਗੇ ਸਦਾ ਚੜ੍ਹਾਇਆ ਕਰੀਏ'' (ਇਬਰਾਨੀਆਂ 13:15)।

## ਸਾਰ

ਕਲੀਸੀਆ ਖ਼ੁਦਾ ਦੀ ਹੈਕਲ ਹੈ! ਇਹ ਕਿੰਨੀ ਚੁਣੌਤੀ ਭਰੀ ਹਕੀਕਤ ਹੈ! ਖ਼ੁਦਾ ਦੀ ਹੈਕਲ ਦੇ ਰੂਪ ਵਿਚ, ਕਲੀਸੀਆ ਖ਼ੁਦਾ ਦੇ ਮਿਲਣ, ਖ਼ੁਦਾ ਦੇ ਰਹਿਣ ਅਤੇ ਸਾਡੇ ਲਈ ਖ਼ੁਦਾ ਦੀ ਬੰਦਗੀ ਕਰਨ ਦਾ ਥਾਂ ਹੈ।

ਕੀ ਤੁਸੀਂ ਮਸੀਹ ਦੀ ਕਲੀਸੀਆ ਦੇ ਮੈਂਬਰ ਹੋ? ਜੇ ਤੁਸੀਂ ਮਸੀਹ ਤੋਂ ਬਾਹਰ ਹੋ ਤਾਂ ਉਨ੍ਹਾਂ ਸਭ ਗੱਲਾਂ ਤੇ ਵਿਚਾਰ ਕਰੋ ਜਿਨ੍ਹਾਂ ਤੋਂ ਤੁਸੀਂ ਵੱਖ ਹੋ। ਉਸਦੇ ਬਾਹਰ, ਤੁਸੀਂ ਮਨੁੱਖ ਨਾਲ ਉਹਦੇ ਮਿਲਣ ਦੇ ਥਾਂ ਤੋਂ ਬਾਹਰ ਹੋ। ਤੁਸੀਂ ਭਾਵੇਂ ਕਿੰਨੇ ਵੀ ਧਾਰਮਿਕ ਹੋਵੋ, ਅਸਲ ਵਿਚ ਤੁਸੀਂ ਖ਼ੁਦਾ ਦੇ ਨਾਲ ਮਿਲਣ ਭਾਵ ਉਹਦੇ ਨੇੜੇ ਅਜੇ ਨਹੀਂ ਆਏ ਹੋ। ਜਿੱਥੇ ਤੁਸੀਂ ਇਸ ਵੇਲੇ ਰਹਿ ਕੇ ਤੁਸੀਂ ਖ਼ੁਦਾ ਦੇ ਨਾਲ ਮਿਲ ਕੇ ਨਹੀਂ ਚੱਲ ਸਕਦੇ ਹੋ। ਜਿੱਥੇ ਤੁਸੀਂ ਇਸ ਵੇਲੇ ਹੋ ਉਥੇ ਤੁਸੀਂ ਉਸਦੇ ਨਾਲ ਮਿਲ ਕੇ ਨਹੀਂ ਚੱਲ ਸਕਦੇ। ਜਿਸ ਹਾਲਤ ਵਿਚ ਤੁਸੀਂ ਇਸ ਵੇਲੇ ਹੋ ਉਸ ਵਿਚ ਤੁਸੀਂ ਉਹਦੇ ਠਹਿਰਾਏ ਹੋਏ ਤਰੀਕੇ ਅਤੇ ਠਹਿਰਾਏ ਹੋਏ ਥਾਂ ਤੋਂ ਯਾਨੀ ਮਸੀਹ ਦੇ ਰਾਹੀਂ ਬੰਦਗੀ ਨਹੀਂ ਕਰ ਸਕਦੇ। ਜੇ ਤੁਸੀਂ ਮਸੀਹ ਦੀ ਦੇਹ ਤੋਂ ਬਾਹਰ ਹੋ, ਤਾਂ ਉਸਦੀ ਦੇਹ ਵਿਚ ਆਉਣ ਦਾ ਫ਼ੈਸਲਾ ਕਰੋ (ਰੋਮੀਆਂ 6:3) ਤਾਂ ਜੋ ਤੁਸੀਂ ਜ਼ਿੰਦਗੀ ਵਿਚ ਅਤੇ ਹਮੇਸ਼ਾ ਦੀ ਜ਼ਿੰਦਗੀ ਵਿਚ ਖ਼ੁਦਾ ਦੇ ਨਾਲ ਚੱਲ ਸਕੋ।

ਤੁਹਾਡੇ ਲਈ ਖ਼ੁਦਾ ਦੀ ਹਜ਼ੂਰੀ ਦੇ ਉਪਾਅ ਦਾ ਅਨੰਦ ਲੈਣ ਲਈ, ਖ਼ੁਦਾ ਦੇ ਮਕਸਦ ਦੇ ਥਾਂ ਤੇ ਰਹਿਣਾ ਜ਼ਰੂਰੀ ਹੈ। ਖ਼ੁਦਾ ਦਾ ਮਕਸਦ ਸੀ ਕਿ ਮੂਸਾ ਮਿਸਰ ਵਿਚ ਜਾ ਕੇ ਖ਼ੁਦਾ ਦੇ ਲੋਕਾਂ ਨੂੰ ਛੁਡਾਵੇ। ਜੇ ਮੂਸਾ ਉਲਟੀ ਦਿਸ਼ਾ ਵਿਚ ਚਲਿਆ ਜਾਂਦਾ ਤਾਂ ਕੀ ਹੋਣਾ ਸੀ? ਉਹ ਸਿਰਫ਼ ਉੱਥੇ ਜਾਂਦਾ ਜਿੱਥੇ ਖ਼ੁਦਾ ਦੀ ਹਜ਼ੂਰੀ, ਉਪਾਅ ਅਤੇ ਸ਼ਕਤੀ ਨਾ ਹੁੰਦੀ। ਇਹ ਇਸ ਲਈ ਸੱਚ ਹੈ ਕਿਉਂਕਿ ਅਜਿਹਾ ਕਰਕੇ ਉਹ ਖ਼ੁਦਾ ਦੇ ਉਦੇਸ਼ਾਂ ਤੋਂ ਬਾਹਰ ਚਲਾ ਗਿਆ ਹੁੰਦਾ। ਖ਼ੁਦਾ ਨੇ ਯੂਨਾਹ ਨੂੰ ਨੀਨਵਾਹ ਜਾਣ ਨੂੰ ਆਖਿਆ ਸੀ, ਪਰ ਯੂਨਾਹ ਤਰਸ਼ੀਸ਼ ਨੂੰ ਚਲਿਆ ਗਿਆ। ਬਾਈਬਲ ਆਖਦੀ ਹੈ, ''ਪਰ ਯੂਨਾਹ ਯਹੋਵਾਹ ਦੇ ਹਜ਼ੂਰੋਂ ਤਰਸ਼ੀਸ਼ ਨੂੰ ਭੱਜਣ ਲਈ ਉੱਠਿਆ। ਉਹ ਯਾੱਫ਼ਾ ਵੱਲ ਉਤਰ ਗਿਆ ਅਤੇ ਉੱਥੇ ਇਕ ਜਹਾਜ਼ ਜੋ ਤਰਸ਼ੀਸ਼ ਨੂੰ ਜਾਣ ਵਾਲਾ ਸੀ ਉਹਨੂੰ ਲੱਭ ਪਿਆ। ਤਦ ਉਸਦਾ ਭਾੜਾ ਦੇ ਕੇ *ਯਹੋਵਾਹ ਦੇ ਹਜ਼ੂਰੋਂ* ਉਨ੍ਹਾਂ ਦੇ ਨਾਲ ਤਰਸ਼ੀਸ਼ ਨੂੰ ਜਾਵੇ'' (ਯੂਨਾਹ 1:3)। ਯੂਨਾਹ ਖ਼ੁਦਾ ਦੇ ਨਾਲ ਨੀਨਵਾਹ ਤਾਂ ਜਾ ਸਕਦਾ ਸੀ, ਪਰ ਤਰਸ਼ੀਸ਼ ਨਗਰ ਨੂੰ ਨਹੀਂ। ਕਿਉਂਕਿ ਖ਼ੁਦਾ ਦੇ ਉਦੇਸ਼ ਦੀ ਥਾਂ ਨੀਨਵਾਹ ਸੀ, ਤਰਸ਼ੀਸ਼ ਨਹੀਂ।

ਕਲੀਸੀਆ ਭਾਵ ਖ਼ੁਦਾ ਦੀ ਹੈਕਲ ਵਿਚ ਆਉਣ ਵਾਲਾ ਕੋਈ ਵੀ ਬੰਦਾ ਖ਼ੁਦਾ ਦੇ ਮਕਸਦਾਂ ਵਿਚ ਅਤੇ ਉਸ ਸੰਗਤ ਵਿਚ ਆਉਂਦਾ ਹੈ ਜਿਸ ਨੂੰ ਖ਼ੁਦਾ ਨੇ ਆਖਿਆ ਹੈ, ''ਅਰ ਤੁਹਾਡਾ ਪਿਤਾ ਹੋਵਾਂਗਾ ਅਤੇ ਤੁਸੀਂ ਮੇਰੇ ਪੁੱਤਰ ਧੀਆਂ ਹੋਵੋਗੇ। ਇਹ ਵਚਨ ਸਰਬ ਸ਼ਕਤੀਮਾਨ ਪ੍ਰਭੂ ਦਾ ਹੈ'' (2 ਕੁਰਿੰਥੀਆਂ 6:18)। ਜਦ ਕੋਈ ਆਦਮੀ ਮਸੀਹੀ ਬਣਦਾ ਹੈ, ਤਾਂ ਮਿੱਟੀ ਦਾ ਉਹਦਾ ਘਰ ਭਾਵ ਉਹਦਾ ਸਰੀਰ ਖ਼ੁਦਾ ਦੀ ਜਲਾਲੀ ਹੈਕਲ ਬਣ ਜਾਂਦਾ ਹੈ।

## ਅਧਿਐਨ ਅਤੇ ਚਰਚਾ ਲਈ ਸਵਾਲ

1. ਅਗਸਟਿਨ ਨੇ ਕਿਹਾ ਸੀ, ''ਹੇ ਖ਼ੁਦਾ ਸਾਡੇ ਮਨ ਕਿੰਨੇ ਬੇਚੈਨ ਹਨ, ਜਦ ਤਕ ਅਸੀਂ ਤੇਰੇ ਵਿਚ ਚੈਨ ਨਹੀਂ ਪਾਉਂਦੇ।'' ਇਸ ਕਥਨ ਤੋਂ ਕੀ ਭਾਵ ਹੈ?
2. ਸਾਡੇ ਕੋਲ ਇਸ ਗੱਲ ਦਾ ਕੀ ਸਬੂਤ ਹੈ ਕਿ ਖ਼ੁਦਾ ਸਾਡੇ ਨਾਲ ਸੰਗਤ ਕਰਨੀ ਚਾਹੁੰਦਾ ਹੈ? ਇਸ ਗੱਲ ਨੂੰ ਸੱਚ ਮੰਨਣ ਦੇ ਕਾਰਣ ਦੱਸੋ।
3. ਪਵਿੱਤਰ ਲਿਖਤਾਂ ਦੀਆਂ ਉਹ ਆਇਤਾਂ ਲਿਖੋ ਜੋ ਸਿਖਾਉਂਦੀਆਂ ਹਨ ਕਿ ਖ਼ੁਦਾ ਸਾਡੇ ਨਾਲ ਸੰਗਤ ਚਾਹੁੰਦਾ ਹੈ।
4. ਕਲੀਸੀਆ ਖ਼ੁਦਾ ਅਤੇ ਮਨੁੱਖ ਦੇ ''ਮਿਲਣ ਦਾ ਥਾਂ'' ਕਿਵੇਂ ਹੈ?
5. ਪੁਰਾਣੇ ਨੇਮ ਦੇ ਸਮਿਆਂ ਵਿਚ ਖ਼ੁਦਾ ਮਨੁੱਖ ਨਾਲ ਕਿਵੇਂ ਸੰਗਤ ਰੱਖਦਾ ਸੀ?
6. ਚਰਚਾ ਕਰੋ ਕਿ ਮਸੀਹੀ ਯੁੱਗ ਵਿਚ ਕਲੀਸੀਆ ਖ਼ੁਦਾ ਦੇ ਰਹਿਣ ਦਾ ਥਾਂ ਕਿਵੇਂ ਹੈ।
7. ਸਾਖੀ ਦਾ ਤੰਬੂ ਇਸਰਾਏਲੀਆਂ ਨੂੰ ਖ਼ੁਦਾ ਦੇ ਨਿਵਾਸ ਥਾਂ ਦੀ ਯਾਦ ਕਿਵੇਂ ਦਵਾਉਂਦਾ ਹੈ?

8. ਖ਼ੁਦਾ ਕਿਨ੍ਹਾਂ ਦੋ ਤਰੀਕਿਆਂ ਨਾਲ ਮਸੀਹੀ ਲੋਕਾਂ ਵਿਚ ਰਹਿੰਦਾ ਹੈ? (1 ਕੁਰਿੰਥੀਆਂ 6:18, 19; 3:16)।
9. ਮਸੀਹ ਦੀ ਕਲੀਸੀਆ ''ਬੰਦਗੀ ਦੀ ਥਾਂ'' ਕਿਵੇਂ ਹੈ?
10. ਕੀ ਸੱਚੀ ਬੰਦਗੀ ਦੇ ਲਈ ਥਾਂ ਦੀ ਅਹਿਮੀਅਤ ਹੈ।
11. ਕਲੀਸੀਆ ਖ਼ੁਦਾ ਦੀ ਹੈਕਲ ਹੈ, ਇਸ ਲਈ ਪੁਰਾਣੇ ਨੇਮ ਵਿਚ ਪਾਈ ਜਾਣ ਵਾਲੀਆਂ ਬਰਕਤਾਂ ਦੇ ਉਲਟ ਅੱਜ ਮਿਲਣ ਵਾਲੀਆਂ ਬਰਕਤਾਂ ਕਿਹੜੀਆਂ ਹਨ।
12. ਅੱਜ ਅਸੀਂ ਖ਼ੁਦਾ ਦੀ ਹੈਕਲ ਵਿਚ ਕਿਵੇਂ ਵੜਦੇ ਹਾਂ?